IJNRD.ORG ISSN : 2456-4184
INTERNATIONAL JOURNAL OF NOVEL RESEARCH AND DEVELOPMENT (IJNRD) | IJNRD.ORG
An International Open Access, Peer-reviewed, Refereed Journal

# ਭਾਸ਼ੋ ਦਾ 'ਸ਼ਬਦ ਯੋਗ'-ਵੱਖਰੇ ਅਨੁਭਵ ਦੇ ਅਹਿਸਾਸ ਦੀ ਸ਼ਾਇਰੀ

ਡਾ. ਪ੍ਰਿਥਵੀ ਰਾਜ ਥਾਪਰ

ਐਸੋਸਿਏਟ ਪ੍ਰੋਫ਼ੈਸਰ

ਦਿਆਲ ਸਿੰਘ (ਈ) ਕਾਲਜ, ਦਿੱਲੀ ਯੂਨੀਵਰਸਿਟੀ

ਭਾਸ਼ੋ ਨੇ ਆਪਣੇ ਪਹਿਲੇ ਕਾਵਿ-ਸੰਗ੍ਰਹਿ 'ਸ਼ਬਦ-ਯੋਗ' ਨਾਲ ਹੀ ਪਾਠਕ ਦਾ ਧਿਆਨ ਆਕਰਸ਼ਤ ਕਰ ਲਿਆ ਸੀ।ਕਿਉਂਕਿ ਇਹ ਕੋਈ ਸਾਧਾਰਨ ਕਾਵਿ-ਸੰਗ੍ਰਹਿ ਨਹੀਂ ਹੈ।ਇਹ ਸਰਲ ਪਰ ਬੌਧਿਕ ਵਿਚਾਰਾਂ ਨਾਲ ਸਰਾਬੋਰ ਹੈ।1997 ਵਿਚ ਜਦੋਂ ਇਹ ਕਾਵਿ-ਸੰਗ੍ਰਹਿ ਸਾਹਮਣੇ ਆਇਆ ਤਾਂ ਇਸ ਨੂੰ ਗੰਭੀਰਤਾ ਨਾਲ ਲਿਆ ਗਿਆ।ਭਾਸ਼ੋ ਇਕ ਵੱਖਰੇ ਅੰਦਾਜ਼ ਦੀ ਕਵਿਤਾ ਦਾ ਸਿਰਜਕ ਹੈ।ਇੰਝ ਮਹਿਸੂਸ ਹੋਇਆ ਜਿਵੇਂ ਉਸ ਨੇ ਪੰਜਾਬੀ ਸ਼ਾਇਰੀ ਮੂਹਰੇ ਇਕ ਚੁਣੌਤੀ ਪੇਸ਼ ਕੀਤੀ ਹੈ।ਸੰਬੋਧਨੀ ਸ਼ੈਲੀ ਰਾਹੀਂ ਜਿਸ ਤਰ੍ਹਾਂ ਉਸ ਨੇ ਸ਼ਬਦ ਨੂੰ ਕੇਂਦਰ ਵਿਚ ਰੱਖ ਕੇ ਆਪਣੀ ਗੱਲ ਕਹਿਣ ਦੀ ਕੋਸ਼ਿਸ਼ ਕੀਤੀ।ਉਹ ਆਪਣੇ ਆਪ ਵਿਚ ਸ਼ਬਦਾਂ ਨਾਲ ਖਿਲਵਾੜ ਕਰਨ ਵਾਲਿਆਂ ਲਈ ਇਕ ਨਸੀਹਤ ਵਾਂਗ ਹੈ।ਉਸ ਦੀ ਕਵਿਤਾ ਦਾ ਪਾਠ ਕਰਦਾ ਕੋਈ ਪਾਠਕ, ਲੇਖਕ ਜਾਂ ਵਿਦਵਾਨ ਸੁਭਾਵਿਕ ਹੀ ਸ਼ਬਦਾਂ ਦੀ ਗਹਿਰਾਈ ਵਿਚ ਉੱਤਰ ਜਾਂਦਾ ਹੈ।ਜਾਂ ਇਉਂ ਕਹਿ ਲਈਏ ਕਿ ਇਹ ਕਵਿਤਾ ਸ਼ਬਦ ਦੀ ਪੱਧਰ ਉੱਤੇ ਕੁੱਝ ਸੋਚਣ ਲਈ ਮਜਬੂਰ ਕਰਦੀ ਹੈ।ਸ਼ਬਦਾਂ ਦੀ ਵਰਤੋਂ ਪ੍ਰਤੀ ਚੇਤੰਨ ਰਹਿੰਦਾ ਹੋਇਆ ਭਾਸ਼ੋ ਵਾਰ-ਵਾਰ ਟਕੋਰਾਂ ਲਾਉਂਦਾ ਜਾਂਦਾ ਹੈ।ਕਿਸੇ ਵੀ ਵਿਸ਼ੇ ਉੱਪਰ ਗੱਲ ਕਰਦਿਆਂ ਉਸ ਦੇ ਕੇਂਦਰ ਵਿਚ 'ਸ਼ਬਦ' ਰਹਿੰਦਾ ਹੈ।ਇਸ ਲਈ ਉਹ ਆਪ ਵੀ ਇਸ ਦੀ ਵਰਤੋਂ ਬਾਰੇ ਚੇਤੰਨ ਹੈ।ਸ਼ਬਦ ਦੀ ਗੰਭੀਰਤਾ ਨੂੰ ਉਹ ਵੱਖੋ-ਵੱਖਰੇ ਚਿਹਨਾਂ ਤੇ ਬਿੰਬਾਂ ਰਾਹੀਂ ਪੇਸ਼ ਕਰਦਾ ਜਾਂਦਾ ਹੈ।ਦਰਅਸਲ ਸ਼ਬਦ, ਇਸ ਦੇ ਅਰਥ ਅਤੇ ਇਸ ਦੀ ਯੋਗ ਵਰਤੋਂ ਦੀਆਂ ਸੰਭਾਵਨਾਵਾਂ ਇਸ ਰਚਨਾ ਵਿਚ ਪ੍ਰੇਰਨਾ ਦਾ ਵਿਸ਼ੇਸ ਸਰੋਤ ਹਨ।ਇਸ ਸੰਗ੍ਰਹਿ ਦੀ ਪਲੇਠੀ ਕਵਿਤਾ 'ਅਰਦਾਸ' ਵਿੱਚ ਉਹ ਇਕ ਆਹਵਾਨ ਕਰਦਾ ਹੈ :-

ਖੰਡਾਂ-ਬ੍ਰਹਿਮੰਡਾਂ ਅੰਦਰਲਾ-

ਕਣ-ਕਣ ਹੋਵੇ ਗਿਆਨ-ਯੋਗ

ਪਲ-ਪਲ ਹੋਵੇ ਬਿਆਨ-ਯੋਗ

ਤ੍ਰੈਕਾਲ ਹੀ ਹੋਵੇ ਧਿਆਨ-ਯੋਗ

ਤ੍ਰੈਕਾਲ ਹੀ ਜੰਮੇ ਸ਼ਬਦ-ਯੋਗ

ਤ੍ਰੈਕਾਲ ਹੀ ਹੋਵੇ ਸ਼ਬਦ-ਯੋਗ 1

ਭਾਸ਼ੋ ਦੀ ਕਵਿਤਾ ਵਿਚ ਘਰ, ਮਨੁੱਖ ਅਤੇ ਸ਼ਬਦ ਦੀਆਂ ਅਰਥਸ਼ੀਲ ਇਕਾਈਆਂ ਪਾਠਕ ਨੂੰ ਇਨ੍ਹਾਂ ਦੇ ਹੋਣ ਜਾਂ ਨਾ ਹੋਣ ਦਾ ਅਹਿਸਾਸ ਕਰਾਉਂਦੀਆਂ ਹਨ।ਘਰ ਹਰ ਵਿਅਕਤੀ ਦੀ ਪ੍ਰਾਥਮਿਕਤਾ ਹੁੰਦਾ ਹੈ।ਘਰ ਉਸ ਦਾ ਵਰਤਮਾਨ ਤੇ ਭਵਿੱਖ ਸਭ ਕੁਝ ਹੁੰਦਾ ਹੈ।ਭਾਸ਼ੋ ਨੇ ਆਪਣੀ ਕਵਿਤਾ ਵਿਚ 'ਘਰ' ਨੂੰ ਕਈ ਕੋਨਾਂ ਤੋਂ ਵੇਖਣ-ਪਰਖਣ ਦਾ ਜਤਨ ਕੀਤਾ ਹੈ।ਉਹ ਇਨ੍ਹਾਂ ਨੂੰ ਜਿਉਂਦਾ ਵੀ ਹੈ।

ਘਰ ਮਨੁੱਖ ਦੇ ਅੰਗ-ਸੰਗ ਤੁਰਦਾ

ਮਨੁੱਖ ਘਰ ਦੇ ਵਿਚ-ਵਿਚ ਰਹਿੰਦਾ

ਕੁੱਝ ਭੋਜਨ ਲੈ

ਕੁੱਝ ਯਾਦਾਂ ਲੈ

ਕੁੱਝ ਦੀਦ-ਅੰਸ਼ ਲੈ

ਇੱਕ ਫ਼ਲਸਫ਼ਾ ਲੈ

ਜੀਅ ਕਰਦਾ ਮੁੜ-ਮੁੜ

ਘਰ ਆਉਣ ਨੂੰ 2

ਘਰ ਦਾ ਸੰਕਲਪ 'ਘਰ' ਕਵਿਤਾ ਵਿਚ ਵੀ ਪੇਸ਼ ਹੋਇਆ ਹੈ। ਕਿੱਧਰੇ ਉਹ ਘਰ ਦੀ 'ਖੰਡ-ਬ੍ਰਹਿਮੰਡ' ਨਾਲ ਤੁਲਣਾ ਕਰਦਾ ਹੈ। ਆਪਣੀ ਕਾਵਿ-ਸਾਧਨਾ ਰਾਹੀਂ ਭਾਸ਼ੋ ਘਰ ਦੇ ਸੰਕਲਪ ਤੋਂ ਘਰ ਦੇ ਫ਼ਲਸਫ਼ੇ ਤੱਕ ਪਹੁੰਚ ਜਾਂਦਾ ਹੈ। ਉਹ ਬੜੀ ਨੀਝ ਨਾਲ ਘਰ ਦੇ ਅਰਥ ਸਮਝਾਉਣ ਲਈ ਜਤਨਸ਼ੀਲ ਹੈ। 'ਘਰ' ਨਾਂ ਦੀ ਕਵਿਤਾ ਵਿਚ ਘਰ ਨੂੰ ਲੋਕ ਤੋਂ ਪਰਲੋਕ ਤੱਕ ਵਿਸਤਾਰਨ ਦੇ ਆਹਰ ਵਿਚ ਹੈ। ਇੱਥੇ ਉਸ ਦੇ ਮਸਤਕ ਵਿਚ ਕਿੰਨੇ ਹੀ ਸਵਾਲ ਉੱਭਰਦੇ ਹਨ :-

ਘਰ ਤੋਂ ਕੌਣ ਹੈ ਛੋਟਾ ?

ਘਰ ਤੋਂ ਕੌਣ ਹੈ ਵੱਡਾ ??

ਘਰ ਤੋਂ ਵੱਡਾ ਨਾ ਹੋਇਆ ਜਾਂਦਾ

ਘਰ ਤੋਂ ਛੋਟਾ ਨਾ ਹੋਇਆ ਜਾਂਦਾ

ਨਾ ਘਰ ਬਦਖੋਇਆ ਜਾਂਦਾ 3

ਲੇਕਿਨ ਕਵੀ ਭਾਸ਼ੋ ਦੀ ਸਮੱਸਿਆ ਦੁਨਿਆਵੀ 'ਘਰ' ਤੋਂ ਪਾਰ ਜਾ ਕੇ ਇਕ ਸਦੀਵੀ 'ਘਰ' ਦੀ ਤਲਾਸ਼ ਹੈ।

ਮੇਰਾ ਤਨ-ਭੋਗ ਰਿਹਾ

ਸਾਹ ਇੱਕ-ਇੱਕ ਕਰਕੇ

ਮੈਂ ਘੁੰਮਾਂ-ਵਿੱਚਰਾਂ

ਕਿਸੇ ਸ਼ਬਦਾਵਲੀ ਸਮੇਤ

ਅਸੰਖ ਸ਼ਬਦਾਂ ਸਮੇਤ

ਸਾਹਾਂ ਦੀ ਸਾਰਥਿਕਤਾ ਲਈ

ਲੋਕਾਂ 'ਚ ਘਰ ਬਣਾਉਣ ਲਈ

ਘਰਾਂ 'ਚ ਘਰ ਬਣਾਉਣ ਲਈ 4

'ਘਰ' ਦੇ ਵਿਭਿੰਨ ਪ੍ਰਸੰਗ ਉਸ ਦੀ ਕਵਿਤਾ 'ਅੰਗ-ਰੰਗ' ਅਤੇ 'ਚੁੱਪ ਦਾ ਸੰਗੀਤ', 'ਘਰ ਢਹਿਣਾ' ਵਿਚ ਵੀ ਸਾਹਮਣੇ ਆਉਂਦੇ ਹਨ।

ਭਾਸ਼ੋ ਦੀ ਕਵਿਤਾ ਦਾ ਰੁਝਾਨ ਸ਼ਬਦਾਂ ਨੂੰ ਪਰਿਭਾਸ਼ਾਤ ਕਰਨ ਵੱਲ ਹੈ। ਮਹੱਤਵਪੂਰਨ ਤੇ ਇਤਿਹਾਸਕ ਸ਼ਬਦਾਵਲੀ ਭਾਸ਼ੋ ਦੇ ਚਿੰਤਨ ਵਿਚ ਵਸੀ ਹੋਈ ਹੈ। ਇਨ੍ਹਾਂ ਦੇ ਵਿਆਖਿਆਨ ਲਈ ਉਹ ਹੋਰ ਸ਼ਬਦਾਂ ਦੀ ਮੱਦਦ ਨਾਲ

ਕਵਿਤਾ ਸਿਰਜਦਾ ਹੈ। 'ਬੇੜੀਆਂ' ਕਵਿਤਾ ਰਾਹੀਂ ਕਵੀ ਆਖਦਾ ਹੈ ਕਿ ਇਹ ਜ਼ਿੰਦਗੀ ਦੇ ਹਰ ਮੋੜ ਉੱਤੇ ਮੌਜੂਦ ਰਹਿੰਦੀਆਂ ਹਨ :-

ਬੇੜੀਆਂ-

ਪਾਣੀ ਦੇ ਅਰਥ

ਸਫ਼ਰ ਦੇ ਸ਼ਬਦ

ਬੇੜੀਆਂ-

ਇੱਕ ਬਗ਼ਾਵਤ

ਇੱਕ ਸੰਘਰਸ਼

ਜਾਂ ਅਸਮਾਜਿਕਤਾ...?

ਬੇੜੀਆਂ – ਬੇੜੀਆਂ

ਤੁਸੀਂ ਚਾਹੋਗੇ –

ਕਿਹੜੀਆਂ ? 5

ਸ਼ਬਦ ਤੋਂ ਬਿਨਾ ਕਵਿਤਾ ਦੀ ਸਿਰਜਨਾ ਨਾਮੁਮਕਿਨ ਹੈ।ਸ਼ਬਦਾਂ ਦਾ ਮਹਾਰਥੀ ਹੀ ਇਕ ਪ੍ਰਭਾਵਸ਼ਾਲੀ ਕਵਿਤਾ ਰਚ ਸਕਦਾ ਹੈ।ਪਰ ਇਥੇ ਅਸੀਂ ਮਹਿਜ਼ ਸ਼ਬਦ ਦੇ ਨਹੀਂ ਸ਼ਬਦਾਂ ਦੇ ਯੋਗ ਦੇ ਰੂ-ਬ-ਰੂ ਹੁੰਦੇ ਹਾਂ।ਕਿਉਂਕਿ ਕਵੀ ਸ਼ਬਦ ਪ੍ਰਤੀ ਬੇਹੱਦ ਚੇਤੰਨ ਹੈ।ਉਹ ਆਪਣੀ ਹੱਥਲੀ ਰਚਨਾ ਲਈ ਕਾਵਿ-ਰਚਨਾ ਦਾ ਇਕ ਰਾਹ-ਦਿਸੇਰਾ ਬਣਦਾ ਹੈ।ਇਸੇ ਕਰਕੇ ਉਸ ਦੀਆਂ ਕਵਿਤਾਵਾਂ ਵਿਚ 'ਸ਼ਬਦ' ਉੱਪਰ ਵਿਸ਼ੇਸ਼ ਬਲ ਦਿੱਤਾ ਗਿਆ ਹੈ।ਉਸ ਦੀ ਕਵਿਤਾ ਦਾ ਇੱਕ-ਇੱਕ ਸ਼ਬਦ ਅਰਥਾਂ ਦਾ ਸੰਚਾਰ ਕਰਦਾ ਹੈ।'ਸ਼ਬਦ-ਯੋਗ' ਨੂੰ ਪਰਿਭਾਸ਼ਤ ਕਰਦਾ ਕਵੀ ਭਾਸ਼ੋ ਕਈ ਭੂਗੋਲਿਕ, ਕਾਲਿਕ ਅਤੇ ਅਧਿਆਤਮ ਖੇਤਰਾਂ ਦੀ ਘੋਖ ਕਰਦਾ ਹੈ।ਸ਼ਬਦ ਵਿਚ ਰਚੇ-ਵਸੇ ਮਨੁੱਖ ਦੀ ਬਾਤ ਪਾਉਂਦਾ ਹੈ।'ਸ਼ਬਦ-ਯੋਗ' ਕਵਿਤਾ ਉਸ ਦੀ ਅਜਿਹੀ ਸੋਚ ਦਾ ਪ੍ਰਦਰਸ਼ਨ ਹੈ :-

ਸ਼ਬਦ-ਯੋਗ ਕਾਰਨ ਹੀ

ਚਿੰਤਨ ਕਾਰਨ ਹੀ

ਮਨੁੱਖ ਮੂਲ ਪਛਾਣਦਾ

ਵਰਤਮਾਨ 'ਚ ਕੋਈ ਕਿਰਿਆ ਕਰਦਾ-ਕਰਵਾਉਂਦਾ

ਵਰਤਮਾਨ ਨੂੰ ਭੂਤਕਾਲ ਬਣਾਉਂਦਾ

ਭੂਤਕਾਲ ਨੂੰ ਪਰਖਦਾ-ਨਿਰਖਦਾ

ਤੇ ਭਵਿੱਖ ਲਈ ਕੋਈ ਵਿਉਂਤ ਬਣਾਉਂਦਾ 6

ਭਾਸ਼ੋ ਦੀ ਸੁਤਾ ਬਿੰਦੂ ਤੋਂ ਸੰਪੂਰਨਤਾ ਤੱਕ ਫੈਲਦੀ ਪ੍ਰਤੀਤ ਹੁੰਦੀ ਹੈ।ਉਹ ਹਰ ਨਿੱਕੇ ਤੇ ਵੱਡੇ ਚਿੰਨ੍ਹ ਨੂੰ ਪ੍ਰਯੋਗ ਥਾਣੀ ਲੰਘਾਉਂਦਾ ਹੈ।'ਮਨੁੱਖ ਤੇ ਫ਼ਿਲਾਸਫ਼ੀ' ਕਵਿਤਾ ਰਾਹੀਂ ਉਹ ਬਿੰਦੂ ਦੇ ਮੁਕੰਮਲ ਹੋਣ ਦਾ ਅਨੁਭਵ ਕਰਦਾ ਹੈ।'ਬਿੰਦੂ-ਸਮਰੱਥਾ' ਕਵਿਤਾ ਵਿਚ ਵੀ ਉਸ ਦਾ ਇਹੀ ਵਰਤਾਰਾ ਸਾਹਮਣੇ ਆਉਂਦਾ ਹੈ।ਉਹ ਇੱਕ ਅਜਿਹੀ ਸ਼ਖ਼ਸੀਅਤ ਦੀ ਕਲਪਨਾ ਕਰਦਾ ਹੈ ਜੋ ਸੰਤੁਲਿਤ ਹੋਵੇ :-

ਮਨੁੱਖ ਦੇ ਵੀ ਅੰਦਰ ਹੁੰਦਾ ਹੈ -

ਧੁੱਪ ਦਾ ਇੱਕ ਹਿੱਸਾ

ਧੁੱਪ ਦਾ ਇੱਕ ਟੋਟਾ

ਸਫ਼ਰ ਸ਼ਬਦਾਂ ਦਾ ਵੀ

ਤੇ ਸ਼ਬਦ-ਸਫ਼ਰ ਦਾ ਕੋਈ ਕੋਸ਼

ਸਿਮਟਿਆ ਹੁੰਦਾ

ਇੱਕ ਹੀ ਬਿੰਦੂ 7

'ਸ਼ਬਦ' ਵਿਚ ਕਵੀ ਦਾ ਸਮੁੱਚਾ ਸੰਸਾਰ ਵਿਛਿਆ ਪਿਆ ਹੈ।ਉਹ ਸ਼ਬਦਾਂ ਦੀ ਸੁਚੱਜੀ ਚੋਣ ਨਾਲ ਆਪਣੇ ਵਿਸ਼ੇ ਨੂੰ ਪ੍ਰਭਾਵਸ਼ਾਲੀ ਤੇ ਅਰਥਸ਼ੀਲ ਬਣਾ ਲੈਂਦਾ ਹੈ।ਕਈ ਥਾਂਈਂ ਸ਼ਬਦਾਂ ਦੀ ਸੁਯੋਗ ਖੇਡ ਖੇਡਦਾ ਪ੍ਰਤੀਤ ਹੁੰਦਾ ਹੈ।ਭਾਸ਼ੋ ਔਰਤ ਦੀ ਮਹਾਨਤਾ ਨੂੰ ਦਰਸਾਉਣ ਲਈ ਪੰਜਾਬੀ ਲੋਕਧਾਰਾ ਵਿਚੋਂ ਚੁਣ-ਚੁਣ ਕੇ ਸ਼ਬਦ ਸਜਾਉਂਦਾ ਹੈ।ਉਸ ਦੀ ਇਹ ਕਲਾਕਾਰੀ ਕਵਿਤਾ 'ਔਰਤ' ਵਿਚ ਵੇਖੀ ਜਾ ਸਕਦੀ ਹੈ ਜਦੋਂ ਉਹ ਉਸ ਨੂੰ ਵੱਖੋ-ਵੱਖਰੇ ਸੰਦਰਭਾਂ ਰਾਹੀਂ ਦਰਸਾਉਂਦਾ ਹੈ :-

ਔਰਤਾਂ-

ਖਿੱਤੀਆਂ

ਹਸਦੀਆਂ-ਵਸਦੀਆਂ ਨਦੀਆਂ

ਹਸਾਉਂਦੀਆਂ-ਵਸਾਉਂਦੀਆਂ-ਗਾਉਂਦੀਆਂ ਗ਼ਜ਼ਲਾਂ

ਫੁੱਲ-ਕਲੀਆਂ, ਤਿੱਤਲੀਆਂ ਤੇ ਮਧੂ-ਮੱਖੀਆਂ

ਮਹਿੰਦੀਆਂ, ਪੀਂਘਾਂ ਤੇ ਪੱਖੀਆਂ

ਨੀਂਹਾਂ, ਮੁਰਕੀਆਂ ਤੇ ਫੁਲਕਾਰੀਆਂ 8

ਅਜਿਹੇ ਪ੍ਰਭਾਵ ਉਸ ਦੀ ਕਵਿਤਾ 'ਮਨੁੱਖ ਦੀ ਮਾਂ' ਵਿਚ ਵੀ ਮਿਲ ਜਾਂਦੇ ਹਨ।

ਮਾਂ-ਬਾਪ ਅਤੇ ਬੱਚਿਆਂ ਦੇ ਰਿਸ਼ਤੇ ਕਿੰਨੇ ਭਾਵੁਕ ਹੁੰਦੇ ਹਨ? ਇਸ ਸੰਵੇਦਨਾ ਨੂੰ ਭਾਸ਼ੋ ਅਤਿ-ਭਾਵੁਕ ਅੰਦਾਜ਼ ਵਿਚ ਜ਼ੁਬਾਨ ਦਿੰਦਾ ਹੈ।ਬੱਚੇ ਦੇ ਜਨਮ ਨਾਲ ਮਾਂ ਤੇ ਪਿਤਾ ਦੇ ਰਿਸ਼ਤੇ ਹੋਂਦ ਵਿਚ ਆਉਂਦੇ ਹਨ।ਉਹ ਆਪਸ ਵਿਚ ਕਿਵੇਂ ਰਚ-ਮਿਚ ਜਾਂਦੇ ਹਨ।'ਜਨਮਣਾ-ਟੁੱਟਣਾ' ਕਵਿਤਾ ਵਿਚ ਭੇਤ ਨੂੰ ਸਮਝਾਉਂਦਾ ਕਵੀ ਆਖਦਾ ਹੈ :-

ਬੱਚਾ ਜਨਮਦਾ ਹੈ

ਤਾਂ ਬਣਾਉਂਦਾ ਹੈ ਮਾਂ ਦੇ ਮਾਲਕ ਨੂੰ

ਪਿਉ

ਤੇ ਦਿੰਦਾ ਹੈ ਉਸ ਨੂੰ

ਪਿਉ ਦੇ ਅਰਥ

ਪਿਉ ਬੱਚਿਆਂ ਨੂੰ ਵੇਖਦਾ-ਸੁਣਦਾ

ਆਪਣੇ ਲਹੂ ਨੂੰ ਸਮਝਦਾ

ਆਪਣੀਆਂ ਆਂਦਰਾਂ ਨੂੰ ਅਨੁਭਵਦਾ

ਆਪਣੀਆਂ ਆਂਦਰਾਂ ਨੂੰ ਅਰਥਦਾ

ਆਪਣੇ ਹੱਡ-ਮਾਸ-ਲਹੂ ਨੂੰ ਚੁੱਕਦਾ

ਤੇ ਲਾਡ ਲਡਾਉਂਦਾ

ਕਦੇ ਕਦੇ ਘੂਰਦਾ ਵੀ ਜਾਂ...

ਉਂਗਲ ਫੜ ਕੇ ਤੋਰਦਾ

ਤੁਰਨ-ਬੋਲਣ ਦੀ ਸਿੱਖਿਆ ਦਿੰਦਾ

ਸਹਿਜ-ਸਹਿਜ 9

ਭਾਸ਼ੋ ਆਪਣੀ ਗੱਲ ਨੂੰ ਕਹਿਣ ਵਿਚ ਬੇਬਾਕ ਹੈ।ਗੱਲ ਨੂੰ ਬੇਬਾਕੀ ਨਾਲ ਕਹਿਣ ਦੀ ਗਟਸ ਰਚਨਾ ਨੂੰ ਕਾਵਿ-ਸੱਚ ਤੱਕ ਪਹੁੰਚਾਉਣ ਵਿਚ ਵਡੇਰੀ ਭੂਮਿਕਾ ਨਿਭਾਉਂਦੀ ਹੈ।ਧਾਰਮਕ ਆਡੰਬਰ ਦਾ ਜ਼ਿਕਰ ਕਰਦਾ ਕਵੀ ਸੰਤੁਲਿਤ ਪਹੁੰਚ ਅਪਨਾਉਂਦਾ ਹੈ।ਉਸ ਦਾ ਵਿਅੰਗ ਵਿਆਪਕ ਹੋ ਕੇ ਸਭ ਨੂੰ ਇਕੋ ਅੱਖ ਨਾਲ ਵੇਖਣ ਦਾ ਯਕੀਨ ਦਿਵਾਉਂਦਾ ਹੈ।ਆਲੇ-ਦੁਆਲੇ ਵਾਪਰਦੀਆਂ ਜਾਂ ਮਿਥਿਹਾਸਕ-ਇਤਿਹਾਸਕ ਕਰਾਮਾਤੀ ਘਟਨਾਵਾਂ ਦੇ ਸੰਦਰਭ ਦਾ ਨੋਟਿਸ ਲੈਂਦਾ ਹੋਇਆ ਮੰਦਿਰ, ਮਸਜਿਦ ਅਤੇ ਬਾਜ ਦਾ ਪ੍ਰਸੰਗ ਭਾਸ਼ੋ 'ਧਰਮ-ਕਥਾ' ਕਵਿਤਾ ਵਿਚ ਛੇੜ ਲੈਂਦਾ ਹੈ।ਨਨਕਾਣੇ ਦੀ ਦੁਨੀਆਂ ਭਰ ਵਿਚ ਧਾਰਮਕ ਮਹੱਤਤਾ ਨੂੰ ਭਾਸੋ ਨੇ ਕਵਿਤਾ 'ਨਨਕਾਣੇ ਦੀ ਮਿੱਟੀ 'ਚੋ' ਵਿਚ ਬੜੀ ਖ਼ੂਬਸੂਰਤੀ ਨਾਲ ਬਿਆਨ ਕੀਤਾ ਹੈ :-

ਨਨਕਾਣਾ ਗਲੋਬ 'ਤੇ ਤਾਂ

ਜੇ ਨਾਨਕ ਹੋਇਆ

ਜੇ ਨਾਨਕ ਤੁਰਿਆ-

ਚਾਨਣ 'ਚੋਂ

ਚਾਨਣ ਬਣ

ਚਾਨਣ ਲਈ

ਨਨਕਾਣਾ ਜਿਉਂਦਾ-ਗਾਉਂਦਾ

ਨਾਨਕ ਦੇ ਨਾਂ ਨੂੰ

ਤੇ ਗਲੋਬ ਵੀ.... 10

ਭਾਸ਼ੋ ਲਈ ਜ਼ਿੰਦਗੀ ਦੀ ਨਿਰੰਤਰਤਾ ਇਕ ਵੱਡੀ ਪ੍ਰਾਪਤੀ ਹੈ।ਉਸ ਦੇ ਸ਼ਬਦ ਵੀ ਰਵਾਨੀ ਪੈਦਾ ਕਰਦੇ ਹਨ।ਉਹ ਮਨੁੱਖ ਦੇ ਗਤੀਸ਼ੀਲ ਰਹਿਣ ਦੀ ਵਕਾਲਤ ਕਰਦਾ ਹੈ।ਪਰ ਕਵੀ ਦੇ ਮਨ ਅੰਦਰ ਅਸਿਹ ਵੇਦਨਾਵਾਂ ਹਨ।ਉਹ ਲੋਕਾਈ ਉੱਪਰ ਵਰ੍ਹਦੀਆਂ ਕਿਆਮਤਾਂ ਜਾਂ ਮਨੁੱਖ ਵੱਲੋਂ ਸਹੇੜੀਆਂ ਬਰਬਾਦੀਆਂ ਪ੍ਰਤੀ ਪਾਠਕਾਂ ਨੂੰ ਸੁਚੇਤ ਕਰਦਾ ਹੈ।'ਦਿਲ-ਕਥਾ' ਰਚਨਾ ਅਜਿਹਾ ਪ੍ਰਭਾਵ ਹੀ ਸਿਰਜਦੀ ਹੈ :-

ਗੱਲ

ਦਿਲ ਦੀ ਹੋਵੇ ਤਾਂ

ਕੋਈ ਦਿਲ ਵਾਲਾ ਹੁੰਗਾਰਾ ਭਰਦਾ

ਦਿਲ

ਦੁੱਖ 'ਚ ਭਰ-ਭਰ ਆਉਂਦਾ

ਉੱਛਲ ਆਉਂਦਾ

ਦਿਲ ਕੋਈ ਸਾਗਰ

ਦਿਲ ਦੁੱਖ 'ਚ ਨਾ ਸਾਂਭਿਆ ਜਾਵੇ....

ਨਾ ਹੋਰ ਕੋਈ ਦੇਸ਼ ਟੁੱਟੇ

ਨਾ ਹੋਰ ਕੋਈ ਦੇਸ਼ ਬਣੇ ਪਾਕਿਸਤਾਨ ਵਾਂਗ

ਨਾ ਖ਼ੂਨ ਵਹੇ ਬੇਦੋਸ਼ਿਆਂ ਦਾ

ਵਸਦੇ-ਰਸਦੇ ਘਰਾਂ ਵਾਲਿਆਂ ਦਾ 11

ਨੈਤਿਕ ਕਦਰਾਂ-ਕੀਮਤਾਂ ਪ੍ਰਤੀ ਭਾਸ਼ੋ ਦੀ ਕਵਿਤਾ ਪੂਰੀ ਚੇਤਨਤਾ ਨਾਲ ਪ੍ਰਤੀਬੱਧ ਹੈ।ਕੀ ਕਰਨਾ ਚਾਹੀਦਾ ਹੈ ਜਾਂ ਕੀ ਨਹੀਂ ਕਰਨਾ ਚਾਹੀਦਾ।ਕਵੀ ਮੁੱਲ-ਵਿਧਾਨ ਨੂੰ ਢਹਿਢੇਰੀ ਹੋਣ ਤੋਂ ਬਚਾਉਣ ਲਈ ਫਿਕਰਮੰਦ ਹੈ।ਇਸ ਚਿੰਤਾ ਨੂੰ ਭਾਸ਼ੋ 'ਭਿਅੰਕਰ' ਕਵਿਤਾ ਵਿਚ ਇਕ ਸੰਦੇਸਾਤਮਕ ਅੰਦਾਜ਼ ਰਾਹੀਂ ਪੇਸ਼ ਕਰਦਾ ਹੈ :-

ਬਹੁਤ ਬਹੁਤ ਹੀ ਭਿਅੰਕਰ ਹੈ-

ਸ਼ਬਦਾਂ ਨੂੰ ਵੇਚਣ ਤੁਰ ਪੈਣਾ

ਸ਼ਬਦ ਬਾਰੇ ਬਕਵਾਸ ਕਰਨਾ

ਮਾਸੂਮ ਚਿਹਰਿਆਂ ਨੂੰ ਅਸ਼ੁੱਧ ਪੜ੍ਹਾਉਣਾ

ਤੇ ਗੁਰੂ ਦੀ ਚੁਗਲੀ ਕਰਨੀ 12

ਕਵਿਤਾ-ਦਰ-ਕਵਿਤਾ ਭਾਸ਼ੋ ਦੇ ਨਿਵੇਕਲੇਪਣ ਦਾ ਇਜ਼ਹਾਰ ਕਰਦੀ ਹੈ।ਪੰਜਾਬੀ ਕਵਿਤਾ ਦੇ ਪਰੰਪਰਕ ਵਿਸ਼ਿਆਂ ਦੀ ਪੇਸ਼ਕਾਰੀ ਦੇ ਅੰਦਾਜ਼ ਵਿਚ ਉਹ ਨਵੀਨਤਾ ਦੀ ਰੂਹ ਫੂਕ ਦਿੰਦਾ ਹੈ।'ਮੁੰਦਰਾਂ' ਕਵਿਤਾ ਵਿਚ ਉਹ ਮੁਹੱਬਤ ਦੇ ਇਤਿਹਾਸਕ ਤੱਥਾਂ ਨੂੰ ਬੰਨ੍ਹ ਕੇ ਇੱਕ ਵਿਚਾਰ ਦੀ ਉਸਾਰੀ ਕਰਦਾ ਹੈ।ਕਵੀ ਦਾ ਵਿਚਾਰ ਹੈ ਕਿ ਰਾਂਝੇ ਵਾਂਗ ਪਿਆਰ ਦਾ ਪ੍ਰਦਰਸ਼ਨ ਕਰਨਾ ਕੋਈ ਆਸਾਨ ਨਹੀਂ।ਇਸ ਵਿਚ ਆਪਣਾ ਤਜ਼ਰਬਾ ਸਾਂਝਾ ਕਰਦਾ ਹੋਇਆ ਇਕ ਨਿਸ਼ਕਰਸ਼ ਕੱਢਦਾ ਹੈ :-

ਬਹੁਤ ਹੀ ਔਖੀਆਂ ਨੇ

ਮੁੰਦਰਾਂ ਪਾਉਣੀਆਂ

ਮੁੰਦਰਾਂ ਗਾਉਣੀਆਂ

ਤੇ ਮੁੰਦਰਾਂ ਹੰਢਾਉਣੀਆਂ

ਮੁੰਦਰਾਂ ਵਾਲੇ ਚਿਹਰੇ 'ਤੇ

ਉੱਗ ਆਉਂਦੀਆਂ ਅਕਸਰ

ਮੁੰਦਰਾਂ ਹੀ ਮੁੰਦਰਾਂ 13

ਭਾਸ਼ੋ ਨੂੰ ਆਪਣੀ ਸੀਮਾ ਜਾਂ ਸਮਰੱਥਾ ਦਾ ਗਿਆਨ ਹੈ।ਜਿਸ ਨੂੰ ਇਕਬਾਲ ਕਰਨ ਦੀ ਉਸ ਵਿੱਚ ਹਿੰਮਤ ਵੀ ਹੈ।ਉਸ ਨੂੰ ਕਈ ਗੱਲਾਂ ਜਾਂ ਵਰਤਾਰੇ ਕਵਿਤਾ ਲਈ ਅਪਹੁੰਚ ਲੱਗਦੇ ਹਨ।ਉਹ ਇਸ ਅਸਮਰੱਥਾ ਦੀ ਲਾਚਾਰੀ ਜ਼ਾਹਿਰ ਕਰਦਾ ਹੈ।'ਉਚਿਆਈਆਂ' ਕਵਿਤਾ ਵਿਚ ਉਸਦੀ ਬੇਬਸੀ ਸਾਹਮਣੇ ਆਉਂਦੀ ਹੈ :-

ਮੈਥੋਂ ਨਹੀਂ ਦੱਸਿਆ ਜਾਣਾ ਕਿ-

ਸਮੁੰਦਰ ਕਿੰਨੇ ਕੁ ਡੂੰਘੇ?

ਮੈਥੋਂ ਕਿੰਨੇ ਕੁ ਵਿਸ਼ਾਲ??

ਤੇ ਕਵਿਤਾ ਕਿੰਨਾ ਕੁ ਉਤਾਰ ਲੈਂਦੀ

ਮਨੁੱਖ ਨੂੰ

ਆਪਣੇ ਅੰਦਰ ??? 14

ਅਜਿਹੀ ਮਜਬੂਰੀ ਉਸ ਦੀ ਕਵਿਤਾ 'ਮਨੁੱਖ ਤੋਂ ਉੱਪਰ' ਵਿਚ ਵੀ ਝਲਕਦੀ ਹੈ।ਭਾਵੇਂ ਉਹ ਮਨੁੱਖ ਦੇ ਆਰ-ਪਾਰ ਦੀ ਸ਼ਾਇਰੀ ਦੀ ਰਚਨਾ ਹੀ ਕਰ ਰਿਹਾ ਹੈ।ਪਰ ਉਹ ਇਸ ਦਾ ਦਾਅਵਾ ਨਹੀਂ ਕਰਨਾ ਚਾਹੁੰਦਾ।ਇਸ ਕਵਿਤਾ ਦੀਆਂ ਇਹ ਕੁੱਝ ਕੁ ਸਤਰਾਂ ਇਸ ਵਿਚਾਰ ਦੀ ਪੁਸ਼ਟੀ ਲਈ ਕਾਫ਼ੀ ਹਨ-

ਕਦੇ-ਕਦੇ ਮੈਂ ਸੋਚਦਾ ਹਾਂ-

ਪ੍ਰਿਥਵੀ ਦੇ ਆਰ-ਪਾਰ

ਧਰਤੀਆਂ ਦੇ ਆਰ-ਪਾਰ

ਤੇ ਸੂਰਜ ਦੇ ਆਰ-ਪਾਰ

ਪਰ ਨਹੀਂ ਸੋਚ ਸਕਿਆ

ਕਦੇ ਵੀ ਮੈਂ-

ਮਨੁੱਖ ਦੇ ਪਾਰ

ਮਨੁੱਖ ਤੋਂ ਉੱਪਰ..... 15

ਇਸ ਦੇ ਬਾਵਜੂਦ ਕਵੀ ਆਸ਼ਾਵਾਦੀ ਹੈ।ਉਹ 'ਸ਼ਬਦ-ਯੋਗ' ਨਾਲ ਆਪਣੀ ਜਦੋ-ਜਹਿਦ ਜਾਰੀ ਰੱਖਦਾ ਹੈ।ਮੱਥੇ ਵਿਚੋਂ 'ਉੱਗਦੇ' ਫ਼ਲਸਫ਼ੇ ਦੀ ਸਾਰ ਪਾਉਣ ਲਈ ਤਿਆਰ-ਬਰ-ਤਿਆਰ ਰਹਿੰਦਾ ਹੈ।'ਸ਼ਬਦ-ਯੋਗ ਵਾਲਾ ਮੱਥਾ' ਕਵਿਤਾ ਵਿਚ ਉਸ ਦੀ ਇਸ ਪ੍ਰਤੀਬੱਧਤਾ ਦਾ ਗਿਆਨ ਹੁੰਦਾ ਹੈ-

ਮੈਂ ਤੁਰਦਾ ਰਹਾਂਗਾ

ਸ਼ਬਦ ਸ਼ਬਦਦਾ ਰਹਾਂਗਾ

ਤੁਹਾਡੇ ਬੂਹਿਆਂ ਲਈ

ਕਿਸ਼ਤੀਆਂ ਲਈ

ਸਿਰਾਂ ਦੇ ਸਫ਼ਰਾਉਣ ਲਈ

ਤੇ ਕਿਸੇ ਫ਼ਲਸਫ਼ੇ ਦੇ ਵਡਿਆਉਣ ਲਈ 16

ਇਸ ਸ਼ਾਇਰੀ ਦੇ ਹੋਂਦ ਵਿਚ ਆਉਣ ਦਾ ਸਮਾਂ ਬਹੁਤ ਮਹੱਤਵਪੂਰਨ ਹੈ।ਉਸ ਸਮੇਂ ਭਾਰਤ ਵਿਚ ਕੰਪਿਊਟਰ ਦੀ ਸ਼ੁਰੂਆਤ ਨਾਲ ਕਈ ਖ਼ਦਸ਼ੇ ਜ਼ਾਹਿਰ ਕੀਤੇ ਜਾ ਰਹੇ ਸਨ।ਲੋਕਾਂ ਵਿਚ ਇਕ ਸਹਿਮ ਦਾ ਮਹੌਲ ਸੀ।ਕੰਪਿਊਟਰ ਦੀ ਵਰਤੋਂ-ਵਿਹਾਰ ਬਾਰੇ ਕਈ ਸ਼ੰਕੇ ਪਨਪ ਰਹੇ ਸਨ।ਕਵੀ ਭਾਸ਼ੋ ਵੀ ਇਸ ਸਮਕਾਲੀ ਸਮੱਸਿਆ ਤੋਂ ਅਭਿੱਜ ਨਹੀਂ ਸੀ।ਉਹ ਵੀ ਕੰਪਿਊਟਰ ਦੀ ਸਮਰੱਥਾ ਉੱਪਰ ਸ਼ੰਕਾ ਜ਼ਾਹਿਰ ਕਰਦਾ ਹੈ।ਨਿਰਸੰਦੇਹ ਕੰਪਿਊਟਰ ਨੇ ਮਨੁੱਖ ਦਾ ਜੀਵਨ ਬਹੁਤ ਸੁਖਾਲਾ ਬਣਾ ਦਿੱਤਾ ਹੈ।ਗੁਣਵੱਤਾ ਵਿਚ ਵਾਧਾ ਕੀਤਾ ਹੈ।ਪਰ ਕੁਦਰਤ ਜਾਂ ਭਾਵੁਕਤਾ ਦੀ ਪੱਧਰ ਉੱਪਰ ਸ਼ਾਇਰ ਭਾਸ਼ੋ ਦੀ ਕਸਵੱਟੀ ਉੱਪਰ ਊਣਾ ਹੀ ਰਹਿ ਜਾਂਦਾ ਹੈ।'ਕੰਪਿਊਟਰੀਕਰਣ' ਕਵਿਤਾ ਵਿਚ ਉਹ ਕੰਪਿਊਟਰ ਉੱਪਰ ਸਵਾਲ ਉਠਾਉਂਦਾ ਹੈ-

ਕੰਪਿਊਟਰ ਕੀ ਕੀ ਕਰੇਗਾ?

ਕੀ ਕੰਪਿਊਟਰ ਮੋਹ ਕਰੇਗਾ??

ਕੀ ਕੰਪਿਊਟਰ ਹਮਦਰਦੀ ਵੀ ਕਰੇਗਾ???

......

ਕੰਪਿਊਟਰ ਤਾਂ ਬਣਾ ਲਿਆ ਮਨੁੱਖ ਨੇ

ਪਰ ਨਹੀਂ ਬਣਾ ਸਕਦਾ ਕੰਪਿਊਟਰ-

ਕਦੇ ਵੀ

ਮਨੁੱਖ ਨੂੰ

ਰੁੱਖ ਨੂੰ

ਤੇ ਧੁੱਪ ਨੂੰ 17

ਇਸ ਕਾਵਿ-ਸੰਗ੍ਰਹਿ ਦਾ ਸਿਰਲੇਖ 'ਸ਼ਬਦ-ਯੋਗ' ਹੈ।ਜ਼ਾਹਿਰ ਹੈ ਕਵੀ ਭਾਸ਼ੋ ਨੇ ਵਧੇਰੇ ਬਲ 'ਸ਼ਬਦ' ਉੱਪਰ ਹੀ ਦਿੱਤਾ ਹੈ।ਉਸ ਨੇ ਸ਼ਬਦਾਂ ਨੂੰ ਸ਼ਬਦ-ਚਿਤਰਾਂ ਵਾਂਗ ਪੇਸ਼ ਕੀਤਾ ਹੈ।ਕਿਉਂ ਕਿ ਸੰਖੇਪ ਸ਼ਬਦਾਵਲੀ ਵਿਚ ਉਸ ਨੇ ਅਗਮ-ਅਪਾਰ ਦੀਆਂ ਗੱਲਾਂ ਨੂੰ ਛੂਹਣ ਦੀ ਕੋਸ਼ਿਸ਼ ਕੀਤੀ ਹੈ।ਕਾਵਿ-ਸੰਗ੍ਰਹਿ ਦੀ ਅਖ਼ਿਰੀ ਕਵਿਤਾ 'ਖੇਡਦਿਆਂ' ਰਾਹੀਂ ਭਾਸ਼ੋ ਆਪਣੇ 'ਸ਼ਬਦ-ਯੋਗ' ਦੇ ਸਮੁੱਚੇ ਸੰਕਲਪ ਨੂੰ ਵਿਚਾਰਦਾ ਤੇ ਵਿਸਤਾਰਦਾ ਹੈ-

ਸਭ ਤੋਂ ਵੱਧ ਖ਼ਤਰਨਾਕ ਹੈ-

ਸ਼ਬਦਾਂ ਦੀ ਖੇਡ ਨੂੰ

ਗ਼ਲਤ ਹੀ ਖੇਡੀ ਜਾਣਾ

ਹਉਮੈ 'ਚ ਹੀ

ਆਪਣੇ-ਆਪ ਧੋਖੇ 'ਚ ਰਹਿਣਾ

ਅਗਿਆਨਤਾ 'ਚ ਰਹਿਣਾ

ਸ਼ਬਦ-ਖੇਡ ਖੇਡਦਿਆਂ

ਸ਼ਬਦਾਂ ਨੂੰ ਰੱਖੀਏ ਟਿਕਾਅ-ਟਿਕਾਅ ਕੇ

ਉਨ੍ਹਾਂ ਦੀ ਨਿਸਚਿਤ ਥਾਂ 'ਤੇ ਹੀ

ਕਿਉਂ ਜੋ-

ਸ਼ਬਦ ਦਾ ਆਪਣਾ ਸਥਾਨ ਹੁੰਦਾ ਹੈ

ਸ਼ਬਦ ਦਾ ਆਪਣਾ ਖਾਸ ਅਰਥ ਹੁੰਦਾ ਹੈ

ਤੇ ਸ਼ਬਦ ਦੇ ਆਪਣੇ ਕਈ-ਕਈ ਅਰਥ ਹੁੰਦੇ ਹਨ

ਹੁੰਦੀ ਹੈ ਸ਼ਬਦ ਦੀ ਆਪਣੀ ਹੀ-

ਇੱਕ ਹੋਂਦ

ਇੱਕ ਸਮਰੱਥਾ

ਤੇ ਇੱਕ ਅਨੰਤ ਯਾਤਰਾ.....

ਸ਼ਬਦ-ਖੇਡ ਹੈ -

ਇੱਕ ਘੋਰ-ਤਪੱਸਿਆ 18

ਇੰਝ ਭਾਸ਼ੋ ਸ਼ਬਦ ਦੀ ਢੁੱਕਵੀਂ ਤੇ ਯੋਗ ਵਰਤੋਂ ਦੀ ਪੈਰਵੀ ਕਰਦਾ ਪ੍ਰਤੀਤ ਹੁੰਦਾ ਹੈ। ਉਸ ਦੀ ਇਹ ਸਮੁੱਚੀ ਸ਼ਾਇਰੀ ਪਾਠਕ ਨੂੰ ਸ਼ਬਦ-ਬੋਧ ਨਾਲ ਜੋੜ ਕੇ ਇਕ ਵੱਖਰੇ ਅਨੁਭਵ ਦਾ ਅਹਿਸਾਸ ਕਰਾਉਂਦੀ ਹੈ।

ਕਵਿਤਾ ਵਿਚ ਕੀਤੇ ਨਵੇਂ ਪ੍ਰਯੋਗ ਇਸ ਕਾਵਿ-ਸੰਗ੍ਰਹਿ ਦਾ ਵਿਸ਼ੇਸ਼ ਹਾਸਲ ਹਨ। ਇਸ ਵਿਚਲੀਆਂ ਕਵਿਤਾਵਾਂ 'ਛਾਤੀਆਂ', 'ਦੁੱਧ', 'ਫੁਲਕਾਰੀਆਂ', 'ਸਰਵਣ ਸਿਉਂ ਸੁਣਾਉਂਦਾ', 'ਮੁੰਦਰਾਂ', 'ਬਿੱਠਾਂ' ਅਤੇ 'ਖੇਡਦਿਆਂ' ਨਿਵੇਕਲੇ ਅੰਦਾਜ਼ ਅਤੇ ਅਨੁਭਵ ਦੀਆਂ ਕਵਿਤਾਵਾਂ ਹਨ। 'ਛਾਤੀਆਂ' ਕਵਿਤਾ ਵਿਚਲੀਆਂ ਹੇਠ ਲਿਖੀਆਂ ਸਤਰਾਂ ਅਨੋਖਾ ਪ੍ਰਭਾਵ ਸਿਰਜਦੀਆਂ ਹਨ-

ਅਸੀਂ

ਛਾਤੀਆਂ ਫੁਲਾਈਆਂ

ਛਾਤੀਆਂ ਜੰਮੀਆਂ

ਛਾਤੀਆਂ ਚੁੰਘੀਆਂ

ਹੁਣ ਮੈਂ ਅਸੀਸਾਂ-

ਜਿਉਂਦੀਆਂ ਰਹਿਣ ਛਾਤੀਆਂ

ਭਰੀਆਂ ਰਹਿਣ ਛਾਤੀਆਂ 19

'ਸ਼ਬਦ-ਯੋਗ' ਦੀਆਂ 53 ਕਵਿਤਾਵਾਂ ਵਿਚ ਭਾਸ਼ੋ ਆਪ ਇਕ ਫ਼ਿਲਾਸਫ਼ਰ ਕਵੀ ਵਾਂਗ ਪੇਸ਼ ਹੋਇਆ ਹੈ। ਸ਼ਬਦਾਂ ਦਾ ਯੋਗ ਬਨਾਉਣ ਸਮੇਂ ਉਹ ਇਨ੍ਹਾਂ ਦੇ ਅੰਤਰੀਵ ਉੱਤਰਣ ਲਈ ਜਤਨਸ਼ੀਲ ਰਹਿੰਦਾ ਹੈ। ਇਕ ਜੋਗ-ਸਾਧਕ ਵਾਂਗ ਉਸ ਦੇ ਧਿਆਨ ਵਿਚ ਪਿਆ ਚਿੰਤਨ ਪੰਨਿਆਂ ਉੱਤੇ ਇਉਂ ਉਲਰਦਾ ਜਾਂਦਾ ਹੈ ਕਿ ਪਾਠਕ ਦੇ ਅਵਚੇਤਨ ਨੂੰ ਟੁੰਬਦਾ ਹੈ। ਜਿਉਂ-ਜਿਉਂ ਉਸ ਦੀ ਸ਼ਾਇਰੀ ਵਿਚ ਅੱਗੇ ਵਧਦੇ ਹਾਂ ਉਸ ਦਾ ਚਿੰਤਨ ਹੋਰ ਗੰਭੀਰ ਹੁੰਦਾ ਜਾਂਦਾ ਹੈ। ਕਵੀ ਸਮਾਜਕ ਤੇ ਅਧਿਆਤਮਕ ਭੇਦਾਂ ਦੀ ਥਹੁ ਪਾਉਣ ਦਾ ਉਪਰਾਲਾ ਜਾਰੀ ਰੱਖਦਾ ਹੈ। ਕਈ ਹਾਇਕੂ ਵਰਗੀਆਂ ਕਵਿਤਾਵਾਂ ਹਨ, ਜੋ ਵਿਸ਼ੇ ਦੀ ਵਿਸ਼ਾਲਤਾ ਨੂੰ ਸਮੇਟਦੀਆਂ ਹੋਈਆਂ

International Research Journal
IJNRD
Research Through Innovation

ਕੁੱਜੇ ਵਿਚ ਸਮੁੰਦਰ ਬੰਦ ਕਰਨ ਦਾ ਪ੍ਰਭਾਵ ਸਿਰਜਦੀਆਂ ਹਨ। 'ਸ਼ਬਦਦਦਾ, ਅਰਥਦਾ, ਅਨੁਭਵਦਾ, ਸ਼ਬਦਾਉਣਾ ਅਤੇ ਸਫ਼ਰਾਉਣਾ ਆਦਿ ਸ਼ਬਦਾਂ ਦਾ ਰੋਚਕ ਯੋਗਦਾਨ ਪਾਉਂਦਾ ਹੈ।

ਹਵਾਲੇ ਤੇ ਟਿੱਪਣੀਆਂ


1. ਸੇਵਾ ਸਿੰਘ ਭਾਸ਼ੋ, ਅਸਥੈਟਿਕਸ ਪਬਲੀਕੇਸ਼ਨਜ਼, ਲੁਧਿਆਣਾ, 1997, ਪੰਨਾ 12

2. … … … ਪੰਨਾ 21

3. … … ਪੰਨਾ 28

4. … … ਪੰਨਾ 33

5. … … ਪੰਨਾ 27

6. … … … ਪੰਨਾ 31

7. … … … ਪੰਨਾ 32

8. … … … ਪੰਨਾ 54

9. … … … ਪੰਨਾ 34

10. … … … ਪੰਨਾ 45

11. … … … ਪੰਨਾ 53

12. … … … ਪੰਨਾ 59

13. … … … ਪੰਨਾ 79

14. … … … ਪੰਨਾ 51

15. … … … ਪੰਨਾ 99

16. … … … ਪੰਨਾ 78

17. … … … ਪੰਨਾ 100

18. … … … ਪੰਨਾ 103

19. … … … ਪੰਨਾ 37


International Research Journal IJNRD Research Through Innovation